# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 29 ਦਸੰਬਰ 2025 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬਾਬਾ ਸ੍ਰੀ ਚੰਦ ਸੇਵਾ ਸੋਸਾਇਟੀ ਵੱਲੋ ਲਗਾਇਆ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ




ਫ਼ਰੀਦਕੋਟ 29 ਦਸੰਬਰ : ਅੱਜ ਬਾਬਾ ਸ੍ਰੀ ਚੰਦ ਸੇਵਾ ਸੋਸਾਇਟੀ ਦੇ ਸਰਪ੍ਰਸਤ ਮਹੰਤ ਬਾਬਾ ਬਲਦੇਵ ਦਾਸ ਜੀ ਗੋਲਡ ਮੈਡਲਿਸਟ ਜੀ ਦੀ ਅਗਵਾਈ ਹੇਠ , ਇਕ ਵਿਸ਼ਾਲ ਖੂਨਦਾਨ ਕੈਂਪ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਦੀ ਬਲੱਡ ਬੈਂਕ ਵਿਚ ਲਗਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਦੇ ਤੌਰ ਸ੍ਰ ਗੁਰਦਿੱਤ ਸਿੰਘ ਸੇਖੋਂ ਹਲਕਾ ਵਿਧਾਇਕ ਫ਼ਰੀਦਕੋਟ ਪਹੁੰਚੇ ਤੇ ਓਹਨਾਂ ਨਾਲ ਸ. ਗੁਰਸ਼ਰਨ ਸਿੰਘ ਮੈਬਰ ਜ਼ਿਲਾ ਪ੍ਰੀਸ਼ਦ, ਪ੍ਰੋ ਬੀਰ ਇੰਦਰ ਸਰਾਂ, ਐਡਵੋਕੇਟ ਪ੍ਰਦੀਪ ਅਟਵਾਲ ਅਤੇ ਪ੍ਰਸਿੱਧ ਮੰਚ ਸੰਚਾਲਕ ਜਸਬੀਰ ਜੱਸੀ ਵਿਸੇਸ ਤੌਰ ਤੇ ਪਹੁੰਚੇ। ਇਸ ਸਮੇ ਬੋਲਦਿਆਂ ਰਜਿੰਦਰ ਦਾਸ ਰਿੰਕੂ ਜੀ ਨੇ ਬਲੱਡ ਡੋਨਰ, ਸਮਾਜਸੇਵੀ ਤੇ ਐਨ.ਆਰ.ਆਈ ਵੀਰਾਂ ਜੀ ਵਿਸੇਸ ਤੌਰ ਤੇ ਧੰਨਵਾਦ ਕੀਤਾ। ਇਹ ਕੈਂਪ ਦੌਰਾਨ 72 ਯੂਨਿਟ ਇਕੱਤਰ ਹੋਏ। ਇਸ ਸਮੇ ਯੋਗਦਾਨ ਪਾਉਣ ਵਾਲੇ ਸਹਿਯੋਗੀਆਂ ਦਾ ਵਿਸੇਸ ਸਨਮਾਨ ਚਿੰਨ੍ਹ ਦੇ ਸਨਮਾਨ ਕੀਤਾ ਗਿਆ।

ਇਸ ਤੇ ਇਲਾਵਾ ਕੁਲਵਿੰਦਰ ਗੋਰਾ ਮਚਾਕੀ, ਜਗਮੀਤ ਸਿੰਘ ਸੰਧੂ , ਮਦਨ ਗੋਪਾਲ, ਰਾਕੇਸ਼ ਗਰਗ, ਰਾਜ ਕੁਮਾਰ ਰਾਜੂ ,ਜੋਤ ਕਰਤਾਰ ਸਿੰਘ ਰਾਜ , ਲਵਦੀਪ ਨਿੱਕੂ,ਡਾਂ ਵਿਪਨ ਕੁਮਾਰ, ਸ਼ਰਮਾਂ,ਇਕਬਾਲ ਸਿੰਘ,ਜਗਜੀਤ ਸਿੰਘ ਗਿੱਲ, ਸਰਬਜੀਤ ਸਿੰਘ, ਅਮਨਦੀਪ ਸਿੰਘ, ਰਾਜਦੀਪ ਸਿੰਘ ਸਰਪੰਚ ਮਹਿਮੂਆਣਾ, ਸੁਖਚੈਨ ਸਿੰਘ ਚੈਨਾ, ਪ੍ਰਦੀਪ ਕੁਮਾਰ ਗੁਪਤਾ, ਮਿਸਟਰ ਗੋਲਡੀ , ਬੰਟੀ ਕੁਮਾਰ, ਬਲੱਡ ਬੈਂਕ ਦੀ ਟੀਮ ਡਾਂ. ਹਰਜੋਤ ਕੌਰ, ਡਾਂ. ਰੱਜਤ, ਸਰਵਨ ਸਿੰਘ ਸੇਖੋ , ਵਿਜੈ ਕੁਮਾਰ, ਹਰਿੰਦਰਪਾਲ ਕੌਰ,ਰਘਬੀਰ, ਹਰਵਿੰਦਰ, ਜਸਪਾਲ ਸਿੰਘ ਰੋਹਿਤ ਕੁਮਾਰ ਆਦਿ ਹਾਜ਼ਰ ਸਨ।

## ਸਵਦੇਸ਼ੀ ਦਾ ਨਾਅਰਾ ਦੇਣ ਵਾਲੀ ਕੇਂਦਰ ਸਰਕਾਰ ਈਸਟ ਇੰਡੀਆ ਕੰਪਨੀ ਦੇ ਰਾਹ ਪਈ : ਸਪੀਕਰ ਕੁਲਤਾਰ ਸਿੰਘ ਸੰਧਵਾਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 29 ਦਸੰਬਰ : ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰ ਸਰਕਾਰ ਵੱਲੋਂ ਨਿਊਜ਼ੀਲੈਂਡ ਦੇ ਸੇਬਾਂ 'ਤੇ ਆਯਾਤ ਡਿਊਟੀ ਨੂੰ ਮੁਕਤ ਵਪਾਰ ਸਮਝੌਤੇ ਤਹਿਤ 50 ਫੀਸਦੀ ਤੋਂ ਘਟਾ ਕੇ 25 ਫੀਸਦੀ ਕਰਨ ਦੇ ਫੈਸਲੇ ਦੀ ਕੜੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੇਬ ਉਤਪਾਦਕ ਕਿਸਾਨਾਂ ਨਾਲ "ਸਿੱਧਾ ਵਿਸ਼ਵਾਸਘਾਤ" ਹੈ ਅਤੇ



ਇਹ ਨੀਤੀ ਸਵਦੇਸ਼ੀ ਦੇ ਨਾਅਰੇ ਨਾਲ ਪੂਰੀ ਤਰ੍ਹਾਂ ਵਿਰੋਧੀ ਹੈ। ਸਪੀਕਰ ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਹ ਕਦਮ ਈਸਟ ਇੰਡੀਆ ਕੰਪਨੀ ਦੀ ਯਾਦ ਤਾਜ਼ਾ ਕਰਵਾਉਂਦੇ ਹਨ, ਜਿੱਥੇ ਦੇਸੀ ਉਤਪਾਦਕਾਂ ਨੂੰ ਕਮਜ਼ੋਰ ਕਰਕੇ ਵਿਦੇਸ਼ੀ ਵਪਾਰਕ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਅਜਿਹੀਆਂ ਨੀਤੀਆਂ ਦੇਸ਼ ਦੀ ਲਗਭਗ 5,000 ਕਰੋੜ ਰੁਪਏ ਦੀ ਸੇਬ ਆਧਾਰਿਤ ਆਰਥਿਕਤਾ ਲਈ ਗੰਭੀਰ ਖ਼ਤਰਾ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬਾਗਬਾਨੀ 'ਤੇ ਨਿਰਭਰ ਲੱਖਾਂ ਕਿਸਾਨ ਪਰਿਵਾਰਾਂ ਦੀ ਰੋਜ਼ੀ-ਰੋਟੀ ਇਸ ਫੈਸਲੇ ਨਾਲ ਪ੍ਰਭਾਵਿਤ ਹੋਵੇਗੀ। ਸਪੀਕਰ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਘਰੇਲੂ ਉਤਪਾਦਕਾਂ ਦੀ ਰੱਖਿਆ ਕਰਨ ਦੇ ਆਪਣੇ ਵਾਅਦਿਆਂ ਨੂੰ ਨਿਭਾਉਣ ਵਿੱਚ ਅਸਫ਼ਲ ਰਹੀ ਹੈ। ਸ. ਸੰਧਵਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਇਸ ਫੈਸਲੇ 'ਤੇ ਮੁੜ ਵਿਚਾਰ ਕਰੇ ਅਤੇ ਦੇਸ਼ ਦੇ ਕਿਸਾਨਾਂ, ਖ਼ਾਸ ਕਰਕੇ ਬਾਗਬਾਨੀ ਨਾਲ ਜੁੜੇ ਉਤਪਾਦਕਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਵੇ।

## ਸਮਾਜਸੇਵੀਆਂ ਨੇ ਚਾਈਨਾ ਡੋਰ ਵੇਚਣ ਵਾਲੇ ਨੂੰ ਸਖ਼ਤ ਸਜ਼ਾ ਦੇਣ ਦੀ ਕੀਤੀ ਮੰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 29 ਦਸੰਬਰ : ਭਾਂਵੇ ਪਿਛਲੇ ਕਾਫੀ ਅਰਸੇ ਤੋਂ ਸਮੇਂ ਦੀਆਂ ਸਰਕਾਰਾਂ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਚਾਈਨਾ ਡੋਰ ਵੇਚਣ, ਸਟੋਰ ਕਰਨ ਅਤੇ ਵਰਤਣ ਖਿਲਾਫ ਮੁਹਿੰਮ ਵਿੱਢੀ ਹੋਈ ਹੈ, ਪਾਬੰਦੀਆਂ ਜਾਰੀ ਕਰਕੇ ਦੁਕਾਨਦਾਰਾਂ ਖਿਲਾਫ ਸਖਤ ਕਾਰਵਾਈ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਉਸ ਦੇ ਬਾਵਜੂਦ ਵੀ ਚਾਈਨਾ ਡੋਰ ਦੀ ਵਿੱਕਰੀ ਜਾਰੀ ਹੈ ਤੇ ਚਾਈਨਾ ਡੋਰ ਮਨੁੱਖਾਂ ਅਤੇ ਪਸ਼ੂ ਪੰਛੀਆਂ ਲਈ ਜਾਨਲੇਵਾ ਸਿੱਧ ਹੋ ਰਹੀ ਹੈ। ਇਸ ਦੀ ਵਰਤੋ ਦੇ ਆਏ ਦਿਨ ਭਿਆਨਕ ਨਤੀਜੇ ਸਾਹਮਣੇ ਆ ਰਹੇ ਹਨ। ਇਸ ਨਾਲ ਪੰਛੀ ਤੇ ਮਨੁੱਖ ਜਾਤੀ ਗੰਭੀਰ ਸਿੱਟੇ ਭੁਗਤ ਰਹੀ ਹੈ। ਹਰ ਸਾਲ ਬਸੰਤ ਪੰਚਮੀ ਨੂੰ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਚਰਮ ਸੀਮਾ 'ਤੇ ਪਹੁੰਚ ਜਾਂਦੀ ਹੈ। ਇਸ ਸਬੰਧੀ ਵਾਤਾਵਰਣ ਪ੍ਰੇਮੀਆਂ ਐਡਵੋਕੇਟ ਅਜੀਤ ਵਰਮਾ ਅਤੇ ਹੰਸ ਰਾਜ ਪ੍ਰਜਾਪਤੀ ਨੇ ਜਿੱਥੇ ਪ੍ਰਸ਼ਾਸ਼ਨ ਦੀ ਨਰਮੀ, ਅਣਗਹਿਲੀ ਤੇ ਲਾਪ੍ਰਵਾਹੀ ਦੀ ਨਿੰਦਾ ਕੀਤੀ ਹੈ, ਉੱਥੇ ਆਮ ਲੋਕਾਂ ਨੂੰ ਇਸ ਵਿਰੁੱਧ ਜਾਗਰੂਕ ਅਤੇ ਸੁਚੇਤ ਹੋਣ ਦੀ ਅਪੀਲ ਕਰਦਿਆਂ ਆਖਿਆ ਹੈ ਕਿ ਜਦੋਂ ਤੱਕ ਆਮ ਲੋਕ ਇਸ ਵਿਰੁੱਧ ਮੁਹਿੰਮ ਨਹੀਂ ਵਿੱਢਦੇ ਉਦੋਂ ਤੱਕ ਸਾਰਥਿਕ ਨਤੀਜੇ ਸਾਹਮਣੇ ਨਹੀਂ ਆਉਣਗੇ। ਉਹਨਾਂ ਆਖਿਆ ਕਿ ਹਰ ਸਾਲ ਤਿਉਹਾਰਾਂ ਤੇ ਖ਼ਾਸ ਕਰਕੇ ਪਤੰਗਬਾਜ਼ੀ ਦੇ ਮਜਜਬਾ ਵਾਲਾ ਚਾਈਨਾ ਡੋਰ ਕਈ ਕਾਰਨ ਦਰਦਨਾਕ ਹਾਦਸੇ ਵਾਪਰਦੇ ਹਨ। ਇਸ ਖ਼ਤਰਨਾਕ ਡੋਰ ਨਾਲ ਗਲੇ ਕੱਟਣ ਦੀਆਂ ਘਟਨਾਵਾਂ, ਮੋਟਰਸਾਈਕਲ ਅਤੇ ਸਕੂਟਰ ਸਵਾਰਾਂ ਦੇ ਗੰਭੀਰ ਜ਼ਖ਼ਮੀ ਹੋਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਬੇਜ਼ੁਬਾਨ ਪੰਛੀਆਂ ਦੀ ਮੌਤ ਵੀ ਚਾਈਨਾ ਡੋਰ ਦਾ ਵੱਡਾ ਨੁਕਸਾਨ ਮੰਨੀ ਜਾ ਰਹੀ ਹੈ। ਸਮਾਜਸੇਵੀਆਂ ਨੇ ਮੰਗ ਕੀਤੀ ਕਿ ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਤੁਰਤ ਮਾਮਲਾ ਦਰਜ ਕੀਤਾ ਜਾਵੇ।

## 'ਆਪ' ਦੇ ਨਵ-ਨਿਯੁਕਤ ਬਲਾਕ ਪ੍ਰਧਾਨਾ ਦਾ ਕੀਤਾ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 29 ਦਸੰਬਰ : ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਰਹਿਨੁਮਾਈ ਹੇਠ 'ਆਪ' ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਵਾਅਦੇ ਅਨੁਸਾਰ ਸਾਰੀਆਂ ਸੁੱਖ-ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਕਰਕੇ ਲੋਕ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਛੋਟੇ ਭਰਾ ਐਡਵੋਕੇਟ ਬੀਰਇੰਦਰ ਸਿੰਘ ਨੇ ਐਸ.ਸੀ. ਵਿੰਗ ਦੇ ਨਵ-ਨਿਯੁਕਤ ਬਲਾਕ ਪ੍ਰਧਾਨਾ ਨੂੰ ਆਪਣੇ ਗ੍ਰਹਿ ਪਿੰਡ ਸੰਧਵਾਂ ਵਿਖੇ ਸਿਰੋਪਾਉ ਪਾ ਕੇ ਸਨਮਾਨਿਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੀ ਰਹਿਨੁਮਾਈ ਹੇਠ ਲੋੜਵੰਦ ਲੋਕਾਂ ਦੇ ਘਰਾਂ ਤੱਕ ਸਰਕਾਰੀ ਸਹੂਲਤਾਂ ਦਾ ਲਾਭ ਪਹੁੰਚ ਰਿਹਾ ਹੈ। ਉਹਨਾਂ ਦੱਸਿਆ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਬਗੈਰ ਕਿਸੇ ਭੇਦਭਾਵ ਦੇ ਸਰਬਪੱਖੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸ ਮੌਕੇ ਸ਼ੋਸ਼ਲ ਮੀਡੀਆ ਦੇ ਜ਼ਿਲਾ ਜਨਰਲ ਸਕੱਤਰ ਮਨਜੀਤ ਸ਼ਰਮਾ ਨੇ ਦੱਸਿਆ ਕਿ ਕੋਟਕਪੂਰਾ ਹਲਕੇ ਤੋਂ ਭਾਜਪਾ ਦੀ ਸਰਗਰਮ ਮਹਿਲਾ ਵਰਕਰ ਚਰਨਜੀਤ ਕੌਰ ਨੇ ਆਮ ਆਦਮੀ ਪਾਰਟੀ ਦੀ ਆਗੂ ਪੂਨਮ ਬਾਲਾ ਦੀ ਪ੍ਰੇਰਨਾ ਸਦਕਾ ਐਡਵੋਕੇਟ ਬੀਰਇੰਦਰ ਸਿੰਘ ਰਾਹੀਂ ਜੁਆਇਨ ਕਰਕੇ 'ਆਪ' ਦੇ ਪਰਿਵਾਰ ਵਿੱਚ ਵਾਧਾ ਕੀਤਾ। ਇਸ ਸਮੇਂ ਇਹਨਾਂ ਨੂੰ ਵਿਸ਼ਵਾਸ ਵੀ ਦਿਵਾਇਆ ਕਿ ਪਾਰਟੀ ਵਿੱਚ ਬਣਦਾ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾ ਤੋਂ ਇਲਾਵਾ ਸੁਪਰਡੈਂਟ ਜਗਜੀਤ ਸਿੰਘ ਜ਼ਿਲਾ ਪ੍ਰਧਾਨ ਐਸ.ਸੀ. ਵਿੰਗ ਸਮੇਤ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

## ਅਲਾਇੰਸ ਕਲੱਬ ਦਾ ਦਿਵਿਆਂਗ ਅਤੇ ਬਜ਼ੁਰਗਾਂ ਦੇ ਉਪਕਰਣ ਵੰਡ ਸਮਾਰੋਹ ਹੋਇਆ ਸੰਪੰਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 29 ਦਸੰਬਰ : ਅਲਾਇੰਸ ਕਲੱਬ ਕੋਟਕਪੂਰਾ ਸਿਟੀ-111 ਵਲੋਂ ਦਿਵਿਆਂਗ ਅਤੇ ਬਜ਼ੁਰਗ ਵਿਅਕਤੀਆਂ ਦੇ ਉਪਕਰਣ ਵੰਡ ਸਮਾਰੋਹ ਸੰਪੰਨ ਕੀਤਾ ਗਿਆ। ਕਲੱਬ ਵਲੋਂ ਤਕਰੀਬਨ 150 ਦਿਵਿਆਂਗ ਅਤੇ ਬਜ਼ੁਰਗ ਵਿਅਕਤੀਆਂ ਦੇ ਜੋ ਉਪਕਰਣ ਵੰਡੇ ਗਏ ਹਨ, ਓਹਨਾ ਉਪਕਰਣਾਂ ਵਿੱਚ ਇਲੈਕਟਰੋਨਿਕ ਸਕੂਟਰੀ, ਟਰਾਈ ਸਾਈਕਲ, ਵਹੀਲ ਚੇਅਰ, ਸਮਾਰਟ ਫੋਨ, ਕੰਨਾਂ ਵਾਲਿਆਂ ਮਸ਼ੀਨਾਂ, ਸਪੋਰਟ ਬੈਲਟਾਂ, ਗੋਡਿਆਂ ਦੇ ਕੈਪ, ਖੂੰਡੀਆਂ, ਫੋੜੀਆਂ ਆਦਿ। ਕੈਂਪ ਵਿੱਚ ਆਏ ਲੋਕਾਂ ਲਈ ਚਾਹ ਦਾ ਲੰਗਰ ਲਾਇਆ ਗਿਆ, ਜਿਸਦੀ ਸੇਵਾ ਗੁਰਮੁੱਖ ਸਿੰਘ ਭੁੱਲਰ ਦੁਆਰਾ ਸੰਭਾਲੀ। ਕੈਂਪ ਵਿੱਚ ਰੁਦਰਾ ਆਸਰਾ ਸੈਂਟਰ ਤੋਂ ਡਾ. ਰਵੀ ਸ਼ਰਮਾ, ਡਾਕਟਰ ਵਿਨੇ, ਡਾਕਟਰ ਰੇਖਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕਲੱਬ ਦੇ ਵਾਈਸ ਪ੍ਰਧਾਨ ਅਲਾਅ ਦਰਸ਼ਨ ਅਹੂਜਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਕਲੱਬ ਦੇ ਵਾਈਸ ਜਿਲ੍ਹਾ ਗਵਰਨਰ ਓਮ ਪ੍ਰਕਾਸ਼ ਗੋਇਲ ਨੇ ਦੱਸਿਆ ਕਿ ਅਲਾਇੰਸ ਕਲੱਬ ਸਮਾਜਸੇਵਾ ਦੇ ਖੇਤਰ ਵਿੱਚ ਓਹਨਾ ਜਰੂਰਤ ਮੰਦ ਲੋਕਾਂ ਦੀ ਸੇਵਾ ਲਈ ਹਮੇਸ਼ਾ ਖੜ੍ਹਾ ਰਹਿੰਦਾ ਹੈ, ਜਿੰਨਾ ਵਿਅਕਤੀਆਂ ਨੂੰ ਇਸ ਦੀ ਜਰੂਰਤ ਹੈ। ਸ਼੍ਰੀ ਗੋਇਲ ਨੇ ਇਹ ਵੀ ਦੱਸਿਆ ਕਿ ਇਹ ਕੈਂਪ ਰੁਦਰਾ ਆਸਰਾ ਸੈਂਟਰ ਦੇ ਸਹਿਯੋਗ ਨਾਲ ਲਾਇਆ ਗਿਆ। ਇਸ ਕੈਂਪ ਦੇ ਮੁੱਖ ਮਹਿਮਾਨ ਮੁਕਤਸਰ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਾਬਕਾ ਜਿਲ੍ਹਾ ਗਵਰਨਰ ਅਲਾਅ ਨਿਰੰਜਨ ਸਿੰਘ ਰੱਖੜਾ ਅਪੰਗ ਅਤੇ ਬਜ਼ੁਰਗਾਂ ਨੂੰ ਸਹਾਇਕ ਉਪਕਰਣ ਮੁਹੱਈਆ ਕਰਵਾ ਕੇ ਅਪੰਗ ਅਤੇ ਬਜ਼ੁਰਗਾਂ ਨੂੰ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ, ਜ਼ੋ ਕਿ ਕਲੱਬ ਦਾ ਸਲਾਘਾਯੋਗ ਉਪਰਾਲਾ ਹੈ। ਕਲੱਬ ਦੇ ਪ੍ਰੋਜੈਕਟ ਇੰਚਾਰਜ ਅਲਾਅ ਮਨਦੀਪ ਸਿੰਘ ਸਰਾਂ ਨੇ ਦੱਸਿਆ ਕੇ ਕਲੱਬ ਦੁਆਰਾ ਜਿਹੜੇ ਉਪਕਰਣ ਅਪੰਗ ਅਤੇ ਬਜ਼ੁਰਗਾਂ ਨੂੰ ਦਿੱਤੇ ਗਏ ਹਨ, ਓਹਨਾ ਦੀ ਕੀਮਤ ਲੱਖਾਂ ਰੁਪਏ ਹੈ, ਕਲੱਬ ਦਾ ਇਹ ਕਾਰਜ ਸਮਾਜ ਸੇਵਾ ਵਿੱਚ ਇੱਕ ਵੱਡਾ ਯੋਗਦਾਨ ਹੈ। ਕਲੱਬ ਦੇ ਜਿਲ੍ਹਾ ਕੈਬਿਨਟ ਖਜਾਨਚੀ ਅਲਾਅ ਚੰਦਰ ਪ੍ਰਕਾਸ਼ ਅਰੋੜਾ ਨੇ ਦੱਸਿਆ ਕਿ ਇਸ ਕੈਂਪ ਦਾ ਮੁੱਖ ਮਨੋਰਥ ਅਪੰਗ ਅਤੇ ਬਜ਼ੁਰਗਾਂ ਦੀ ਭਲਾਈ ਇੱਕ ਉਪਰਾਲਾ ਹੈ ਤਾਂ ਜ਼ੋ ਅਪੰਗ ਅਤੇ ਬਜ਼ੁਰਗਾਂ ਨੂੰ ਸਮਾਜ ਵਿੱਚ ਵਿਚਰਨ ਦਾ ਮੌਕਾ ਮਿਲੇ ਅਤੇ ਬਜ਼ੁਰਗਾਂ ਦਾ ਮਾਣ ਸਨਮਾਨ ਬਣਿਆ ਰਹੇ। ਕਲੱਬ ਦੇ ਸੈਕਟਰੀ ਅਲਾਅ ਵਰਿੰਦਰ ਸਿੰਘ ਅਰਨੇਜਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਕਲੱਬ ਵਲੋਂ ਅਜਿਹੇ ਸਮਾਜ ਭਲਾਈ ਦੇ ਕੈਂਪ ਲੱਗਦੇ ਰਹਿਣਗੇ। ਇਸ ਕੈਂਪ ਵਿੱਚ ਉਪਰੋਕਤ ਤੋਂ ਇਲਾਵਾ ਅਲਾਅ ਗਗਨਦੀਪ ਜਿੰਦਲ, ਅਲਾਅ ਐਡਵੋਕੇਟ ਰਾਕੇਸ਼ ਸੇਠੀ, ਅਲਾਅ ਸਤੀਸ਼ ਸ਼ਰਮਾ, ਅਲਾਅ ਰਮੇਸ਼ ਅਹੂਜਾ, ਅਲਾਅ ਗੁਰਮੀਤ ਸਿੰਘ ਮਠਾੜੂ, ਅਲਾਅ ਸੰਦੀਪ ਕੁਮਾਰ, ਅਲਾਅ ਇੰਦਰਜੀਤ ਸਿੰਘ ਮਦਾਨ, ਅਲਾਅ ਸੰਦੀਪ ਕਟਾਰੀਆ, ਅਲਾਅ ਅਸ਼ੋਕ ਸੇਠੀ, ਅਲਾਅ ਬਸੰਤ ਨਰੂਲਾ, ਅਲਾਅ ਕਮਲ ਰਾਜਪੂਤ, ਅਲਾਅ ਅਜੈ ਗੁਪਤਾ, ਅਲਾਅ ਸੰਦੀਪ ਸਿੰਘ ਸੰਧੂ, ਮਿਸ ਰਜਨੀ, ਮਿਸ ਨੰਦਨੀ, ਮਿਸ ਖੁਸ਼ੀ, ਡਾਕਟਰ ਸਲੋਨੀ ਵੀ ਹਾਜਰ ਸਨ।

## ਪੁਲਾੜ ਤੋਂ ਦੇਖਦਿਆਂ ਮਨੁੱਖੀ ਉਦੇਸ਼ਾਂ ਦੀ ਦਰਜੇਬੰਦੀ ਫਾਲਤੂ ਦੀ ਚੀਜ਼ ਦਿਖਦੀ ਹੈ

ਵਰਲਡ ਪੰਜਾਬੀ ਟਾਈਮਜ਼
ਡਾ. ਦਰਸ਼ਨ ਖੇੜੀ




ਕੌਮਾਂਤਰੀ ਪੁਲਾੜ ਸਟੇਸ਼ਨ 'ਤੇ 178 ਦਿਨ ਬਿਤਾਉਣ ਤੋਂ ਬਾਅਦ ਪੁਲਾੜ ਯਾਤਰੀ ਰੌਨ ਗੈਰਨ ਧਰਤੀ 'ਤੇ ਉੱਤਰਣ ਵੇਲੇ ਅਪਣੇ ਨਾਲ ਅਪਣੇ ਪੁਲਾੜੀ ਸਾਜੋ ਸਮਾਨ ਅਤੇ ਇਸ ਪੁਲਾੜੀ ਮਿਸ਼ਨ ਨਾਲ ਸਬੰਧਤ ਅਹਿਮ ਅੰਕੜਿਆਂ ਤੋਂ ਵੀ ਵੱਧ ਮਹੱਤਵਪੂਰਨ ਕੁੱਝ ਖਾਸ, ਵਾਪਸ ਲੈਕੇ ਮੁੜੇ ਹਨ | ਉਹ ਮਾਨਵ ਜਾਤੀ ਬਾਰੇ ਅਪਣੀ ਬਦਲੀ ਹੋਈ ਸੋਚ ਲੈਕੇ ਇੱਥੇ ਵਾਪਸ ਆਏ ਹਨ |

ਅਪਣੇ ਗ੍ਰਹਿ ਪੱਥ ਤੋਂ ਵੇਖਿਆਂ ਸਾਡੀ ਧਰਤੀ ਵੱਖੋ ਵੱਖਰੇ ਦੇਸਾਂ ਪ੍ਰਦੇਸਾਂ, ਕੌਮਾਂਤਰੀ ਸਰਹੱਦਾਂ ਜਾਂ ਟਕਰਾਵੇਂ ਹਿਤਾਂ ਦਾ ਕੋਈ ਸਮੂਹ ਨਹੀਂ ਲੱਗਦਾ | ਸਗੋਂ ਇਹ ਹਨੇਰੇ 'ਚ ਲਟਕਿਆ ਇੱਕ ਇਕਲੌਤਾ ਤੇ ਜਗਮਗਾਉਂਦਾ ਨੀਲਾ ਗੋਲਾ ਲੱਗਦਾ ਹੈ | ਮਹਾਂਦੀਪਾਂ ਨੂੰ ਵਖਰਿਆਉਂਦੀ ਕੋਈ ਰੇਖਾ ਵੀ ਨਹੀਂ ਦਿਸਦੀ | ਵੱਖ ਵੱਖ ਰਾਜ ਖੇਤਰਾਂ ਨੂੰ ਦਰਸਾਉਂਦਾ ਕੋਈ ਝੰਡਾ ਵੀ ਨਜ਼ਰ ਨਹੀਂ ਪੈਂਦਾ | ਧਰਤੀ ਦੀ ਉੱਪਰੀ ਸਤਿਹ ਤੋਂ ਕੋਈ 250 ਮੀਲ ਉੱਪਰੋਂ ਹਰ ਮਨੁੱਖੀ ਟਕਰਾਅ ਅਚਾਨਕ ਨਿਗੂਣਾ ਲੱਗਣ ਲੱਗਦਾ ਹੈ ਅਤੇ ਹਰ ਮਨੁੱਖੀ ਰਿਸ਼ਤਾ ਬੇਹੱਦ ਲਾਜ਼ਮੀ |

ਗੈਰਨ ਉੱਪਰੋਂ ਦਿਸਦੇ ਦ੍ਰਿਸ਼ ਦਾ ਚਿਤਰਣ ਕਰਦਾ ਦੱਸਦਾ ਹੈ ਕਿ ਕਿਵੇਂ ਇੱਥੇ ਸਮੁੱਚੇ ਮਹਾਂਦੀਪਾਂ ਉੱਪਰ ਅਸਮਾਨੀ ਬਿਜਲੀ ਦੇ ਝੱਖੜ ਝੂਲਦੇ ਹਨ, ਧਰੂ-ਜੋਤੀਆਂ ਕਿਵੇਂ ਧਰਤੀ ਦੇ ਧਰੁਵਾਂ ਉੱਪਰ ਜੀਵੰਤ ਪਰਦਿਆਂ ਵਾਂਗ ਲਹਿਰਾਉਂਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਧਰਤੀ ਉੱਪਰ ਵਸਦੇ ਸ਼ਹਿਰਾਂ ਦੀ ਬਿਜਲਈ ਰੌਸ਼ਨੀ ਕਿਵੇਂ ਸਾਡੇ ਗ੍ਰਹਿ ਦੇ ਹਨੇਰੇ ਪਾਸੇ ਬੜੀ ਸਹਿਜਤਾ ਨਾਲ ਦਮਕਦੀ ਹੈ | ਜਿਸ ਗੱਲ ਨੇ ਉਸ ਨੂੰ ਸੱਭ ਤੋਂ ਵੱਧ ਪ੍ਰਭਾਵਿਤ ਕੀਤਾ, ਓਹ ਧਰਤੀ ਦੀ ਤਾਕਤ ਨਹੀਂ ਬਲ ਕਿ ਇਸਦੀ ਨ-ਤਾਕਤ ਸੀ | ਧਰਤੀ ਉੱਪਰ ਸਮੁੱਚੇ ਜੀਵਨ ਦੀ ਰੱਖਿਆ ਕਰਨ ਵਾਲਾ ਵਾਯੂ ਮੰਡਲ ਬਸ ਮਸੀਂ ਦਿਖਦਾ ਕਾਗਜ ਵਰਗਾ ਪਤਲਾ ਇੱਕ ਨੀਲਾ ਆਭਾ ਮੰਡਲ ਦਿਖਾਈ ਦਿੰਦਾ ਹੈ | ਪਰ ਫਿਰ ਵੀ ਜੋ ਹਰ ਜੀਵੰਤ ਸ਼ੈਅ ਦੇ ਸਾਹਾਂ ਨੂੰ ਨਿਰੰਤਰ ਚੱਲਦਾ ਰੱਖਣ, ਇਨ੍ਹਾਂ ਨੂੰ ਜਿਊਂਦੇ ਵਸਦੇ ਰੱਖਣ ਅਤੇ ਇਨ੍ਹਾਂ ਦੇ ਉਗਮਣ ਲਈ ਜਿੰਮੇਵਾਰ ਹੈ |

ਗੈਰਨ ਦੀ ਇਹ ਨਿਰਖ - ਜਿਸਨੂੰ ਪੁਲਾੜ ਯਾਤਰੀ "ਉੱਚ ਦ੍ਰਿਸ਼ ਪ੍ਰਭਾਵ" ਦਾ ਨਾਮ ਦਿੰਦੇ ਹਨ - ਬੌਧ ਗਿਆਨ ਵਿੱਚ ਇੱਕ ਅਹਿਮ ਅਹਿਸਾਸ ਦਾ ਕਾਰਨ ਹੋ ਨਿੱਬੜੀ | ਜਿਸ ਨੂੰ ਪੁਲਾੜ ਵਿੱਚੋਂ ਧਰਤੀ ਨੂੰ ਦੇਖਣ ਵਾਲੇ ਬਹੁਤੇ ਪੁਲਾੜ ਯਾਤਰੀਆਂ ਨੇ ਅਪਣੇ ਤਜ਼ਰਬੇ ਚੋਂ ਵੀ ਬਿਲਕੁਲ ਇੰਝ ਹੀ ਮਹਿਸੂਸਿਆ | ਇਹ ਇਸ ਤੱਥ ਦਾ ਅਚਾਨਕ ਹੋਇਆ ਸਹਿਜ ਗਿਆਨ ਹੈ ਕਿ ਮਨੁੱਖਤਾ ਕੋਲ ਸਿਰਫ ਇਹੋ ਹੀ ਇੱਕੋ ਇੱਕ ਤੇ ਚਾਰੇ ਪਾਸਿਓਂ ਬੰਦ ਪ੍ਰਬੰਧ (ਗ੍ਰਹਿ-ਅਨੁਵਾਦਕ) ਹੈ, ਕੋਈ ਹੋਰ ਬਦਲਵੀਂ ਥਾਂ ਨਹੀਂ, ਕੋਈ ਬਚਾਅ ਰਸਤਾ ਨਹੀਂ, ਕੋਈ ਦੂਸਰਾ ਘਰ ਨਹੀਂ |

ਗੈਰਨ ਮਨੁੱਖ ਵੱਲੋਂ ਘੜੀਆਂ ਅਪਣੀਆਂ ਸੌੜੀਆਂ ਪ੍ਰਾਥਮਿਕਤਾਵਾਂ 'ਤੇ ਸੁਆਲ ਖੜੇ ਕਰਦਾ ਹੈ | ਕਿਉਂਕਿ ਆਰਥਿਕ ਵਿਕਾਸ ਨੂੰ ਹੀ ਸਾਡੀ ਧਰਤੀ ਦੀ ਮੂਲ ਪ੍ਰਾਪਤੀ ਮੰਨ ਲਿਆ ਗਿਆ ਹੈ | ਪ੍ਰੰਤੂ ਪੁਲਾੜ ਚੋਂ ਦੇਖਿਆਂ ਮਨੁੱਖੀ ਉਦੇਸਾਂ ਦੀ ਇਹ ਦਰਜੇਬੰਦੀ ਫਾਲਤੂ ਦੀ ਚੀਜ ਵਿਖਾਈ ਦਿੰਦੀ ਹੈ | ਗੈਰਨ ਅਨੁਸਾਰ ਮਨੁੱਖ ਦੀਆਂ ਪ੍ਰਾਥਮਿਕਤਾਵਾਂ ਦਾ ਸਹੀ ਕ੍ਰਮ ਇਸ ਪ੍ਰਕਾਰ ਹੋਣਾ ਚਾਹੀਦਾ ਹੈ- ਪਹਿਲੋਂ ਧਰਤੀ, ਫਿਰ ਸਮਾਜ ਤੇ ਅਖੀਰ 'ਚ ਅਰਥਚਾਰਾ | ਕਿਉਂਕਿ ਇੱਕ ਸਾਫ ਸੁਥਰੇ ਗ੍ਰਹਿ ਤੋਂ ਬਿਨਾਂ ਨਾਂ ਤਾਂ ਸਮਾਜ ਦੀ ਅਤੇ ਨਾਂ ਹੀ ਇਸ ਅਰਥਚਾਰੇ ਦੀ ਕੋਈ ਹੋਂਦ ਬਾਕੀ ਬਚਣੀ ਹੈ |

ਗੈਰਨ ਅਕਸਰ ਇਸ ਧਰਤੀ ਦੀ ਤੁਲਨਾ ਇੱਕ ਚਲਦੇ ਪੁਲਾੜੀ ਜਹਾਜ ਨਾਲ ਕਰਦਾ ਹੈ | ਇੱਕ ਅਜਿਹਾ ਜਹਾਜ ਜਿਸ ਵਿੱਚ ਅਰਬਾਂ ਮਨੁੱਖ ਸਵਾਰ ਹਨ | ਸਾਰੇ ਸਵਾਰ ਸਿਰਫ ਇੱਕੋ ਤਰਾਂ ਦੇ ਜੀਵਨ ਰੱਖਿਅਕ ਪ੍ਰਬੰਧਾਂ 'ਤੇ ਨਿਰਭਰ ਹਨ | ਤਾਂ ਵੀ ਬਹੁਤੇ ਅਪਣੇ ਆਪ ਨੂੰ ਮਹਿਜ਼ ਇੱਕ ਯਾਤਰੀ ਵੱਜੋਂ ਦੇਖਦੇ ਹਨ ਨਾ ਕਿ ਇਸ ਜਹਾਜ ਦੇ ਰਖਵਾਲੇ ਵੱਜੋਂ | ਓਹ ਇਹੋ ਮੰਨੀ ਬੈਠੇ ਹਨ ਕਿ ਜਹਾਜ ਨੂੰ ਸਹੀ ਸਲਾਮਤ ਚੱਲਦਾ ਰੱਖਣ ਦੀ ਜਿੰਮੇਵਾਰੀ ਕਿਸੇ ਹੋਰ ਦੀ ਹੈ |

ਉੱਪਰੋਂ ਦੇਖਿਆਂ ਪ੍ਰਦੂਸ਼ਣ ਦੀ ਕੋਈ ਕੌਮੀਅਤ ਨਹੀਂ | ਵਾਯੂ ਮੰਡਲੀ ਕੁਦਰਤੀ ਪ੍ਰਬੰਧ ਹੱਦਾਂ ਸਰਹੱਦਾਂ ਤੋਂ ਮੁਕਤ ਹਨ | ਧਰਤੀ ਦੇ ਕਿਸੇ ਇੱਕ ਹਿੱਸੇ 'ਚ ਹੋ ਰਹੀ ਵਾਤਾਵਰਣਕ ਤਬਾਹੀ ਪੂਰੇ ਦੇ ਪੂਰੇ ਭੂ-ਮੰਡਲ ਨੂੰ ਪ੍ਰਭਾਵਿਤ ਕਰਦੀ ਹੈ | ਮਨੁੱਖੀ ਵੰਡੀਆਂ ਜਿਨ੍ਹਾਂ ਨੂੰ ਅਸੀਂ ਇੱਥੇ ਇੰਨੀ ਭਿਆਨਕਤਾ ਨਾਲ ਬਚਾਈਂ ਰੱਖਣ 'ਚ ਮਸ਼ਰੂਫ ਹਾਂ, ਉੱਪਰੋਂ ਦੇਖਿਆਂ ਇਹ ਕਿਤੇ ਨਹੀਂ ਲੱਭਦੀਆਂ |

ਗੈਰਨ ਦਾ ਮਨੁੱਖਤਾ ਨੂੰ ਇਹ ਸੁਨੇਹਾ ਕੋਈ ਅਮੂਰਤਨ ਜਾਂ ਆਦਰਸ਼ਵਾਦੀ ਨਹੀ, ਇਹ ਵਿਹਾਰਕ ਹੈ | ਜੇ ਮਨੁੱਖਤਾ ਨੇ ਇਸ ਧਰਤੀ ਨੂੰ ਹਾਲੇ ਵੀ ਇੱਕ ਸਰਵ ਸਾਂਝੇ ਪ੍ਰਬੰਧ ਵੱਜੋਂ ਨਹੀਂ ਸਗੋਂ ਇੱਕ ਅਸੀਮਤ ਸ੍ਰੋਤ ਵਜੋਂ ਵੇਖਣਾ ਜਾਰੀ ਰੱਖਿਆ ਤਾਂ ਇਸਦੇ ਸਿੱਟੇ ਸਰਬਵਿਆਪਕ ਹੋਣਗੇ |

ਧਰਤੀ ਨੂੰ ਉੱਪਰੋਂ ਦੇਖਣ ਨੇ ਉਸ ਨੂੰ ਕੋਈ ਛੋਟਾ ਮਹਿਸੂਸ ਨਹੀਂ ਕਰਵਾਇਆ ਸਗੋਂ ਇਸ ਨੇ ਉਸ ਨੂੰ ਇੱਕ ਜਿੰਮੇਵਾਰੀ ਦਾ ਅਹਿਸਾਸ ਕਰਵਾਇਆ |

ਕਿਉਂਕਿ ਜਦੋਂ ਤੁਸੀਂ ਸੱਚੇ ਦਿਲੋਂ ਇਹ ਜਾਣ ਲੈਂਦੇ ਹੋ ਕਿ ਅਸੀਂ ਸਾਰੇ ਇਸ ਬ੍ਰਹਿਮੰਡ ਵਿੱਚ ਇੱਕੋ ਹੀ ਨਾਜ਼ੁਕ ਪੁਲਾੜੀ ਜਹਾਜ (ਗ੍ਰਹਿ) ਦੇ ਸਾਂਝੇ ਸਵਾਰ ਹਾਂ ਤਾਂ "ਸਾਡੇ ਤੁਹਾਡੇ ਦਾ ਭੇਦ ਭਾਵ" ਚੁੱਪ ਚੁਪੀਤੇ ਖਤਮ ਹੋ ਜਾਂਦਾ ਹੈ ਅਤੇ ਇਸ ਦੀ ਥਾਂ ਇੱਕੋ ਹੀ ਅਟੱਲ ਸੱਚ ਦਾ ਅਹਿਸਾਸ ਹੋਣ ਲੱਗਦਾ ਹੈ ਕਿ -
ਉੱਥੇ ਸਾਡੀ ਹੋਂਦ ਦਾ ਪ੍ਰਗਟਾਅ ਸਿਰਫ ਅਸੀਂ ਹੋ ਜਾਣ ਵਿੱਚ ਹੀ ਹੈ |

{ਭਾਵ "ਸੱਭੇ ਸਾਂਝੀਵਾਲ ਸਦਾਇਨ, ਕੋਇ ਨਾ ਦੀਸੈ ਬਾਹਰਾ ਜੀਓ"}